**Directorate, Technical Education and Industrial Training, Punjab**
Sector 36-A, Plot No. 1-A, Chandigarh.
website: www.punjabitis.gov.in, e-mail: ---------------

Training Branch Memo No. 1639 Dated 1/4/24

ਸੇਵਾ ਵਿਖੇ,

ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਂ ਦੇ ਮੁੱਖੀ
ਪੰਜਾਬ ਰਾਜ ਵਿੱਚ।

ਮੀਮੋ ਨੰ:ਆਈਟੀ/ਟਰੇਨਿੰਗ/ਟਾਟਾ ਸਟਰਾਈਵ/
ਮਿਤੀ ਚੰਡੀਗੜ੍ਹ

ਵਿਸ਼ਾ: ਅਧੀਨ ਸੰਸਥਾਂਵਾਂ ਵਿੱਚ ਸਕਿੱਲ ਪ੍ਰੋਜੈਕਟ ਕੰਪੀਟੀਸ਼ਨ ਮਿਤੀ 30-4-2024 ਨੂੰ ਕਰਵਾਉਣ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਸਮੂਹ ਸੰਸਥਾਂਵਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਧੀਨ ਸੰਸਥਾਂਵਾਂ ਵਿੱਚ ਸਿਖਿਆਰਥੀਆਂ ਨੂੰ ਟਰੇਨਿੰਗ ਦੌਰਾਨ ਸਕਿਲ ਪ੍ਰਜੈਕਟ ਬਣਾਉਣ ਲਈ ਪ੍ਰੇਰਿਤ ਕੀਤਾ ਜਾਣਾ ਜਰੂਰੀ ਹੈ। ਇਸ ਮਕਸਦ ਲਈ ਸਿਖਿਆਰਥੀਆਂ ਨੂੰ ਸਮੇ ਸਮੇ ਤੇ ਹਰ ਟਰੇਡ ਦੇ ਸਕਿਲ ਪ੍ਰੋਜੈਕਟ ਬਣਾਉਣ ਸਬੰਧੀ ਕੰਪੀਟੀਸ਼ਨ ਵੀ ਸੰਸਥਾਂ ਵਿੱਚ ਕਰਵਾਇਆ ਜਾਣਾ ਅਤੀ ਜਰੂਰੀ ਰੈਗੂਲਰ ਐਕਟੀਵਿਟੀ ਹੈ।

ਇਸ ਲਈ ਨੂੰ ਆਦੇਸ਼ ਦਿੱਤੇ ਜਾਂਦੇ ਹਨ ਕਿ ਮਿਤੀ 30-4-2024 ਸੰਸਥਾਂ ਪੱਧਰ ਤੇ ਟਰੇਡ ਵਾਈਜ ਸਕਿਲ ਪ੍ਰੋਜੈਕਟ ਕੰਪੀਟੀਸ਼ਨ ਕਰਵਾਇਆ ਜਾਵੇ। ਸਾਰੀਆਂ ਸੰਸਥਾਂਵਾਂ ਇਸ ਮਿਤੀ ਨੂੰ ਹਰ ਟਰੇਡ ਦਾ ਸਕਿਲ ਪ੍ਰੋਜੈਕਟ ਕੰਪੀਟੀਸ਼ਨ ਕਰਵਾਉਣ । ਇਸ ਕੰਪੀਟੀਸ਼ਨ ਦੌਰਾਨ ਬਣਾਏ ਗਏ ਪ੍ਰੋਜੈਕਟਾਂ ਦਾ ਵੇਰਵਾ ਦਿੰਦੇ ਹੋਏ ਰਿਪੋਰਟ ਮੁੱਖ ਦਫਤਰ ਨੂੰ ਭੇਜੀ ਜਾਵੇ।

ਇਸ ਤੋਂ ਬਾਅਦ ਇਹ ਕੰਪੀਟੀਸ਼ਨ ਅਧੀਨ ਸੰਸਥਾਂਵਾਂ ਵਿੱਚ ਜਿਲਾ ਨੋਡਲ ਸੰਸਥਾਂ ਪੱਧਰ ਤੇ ਕਰਵਾਇਆ ਜਾਵੇਗਾ। ਇਸ ਸਬੰਧੀ ਨਿਰਧਾਰਿਤ ਮਿਤੀ ਅਤੇ ਸਮਾਂ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਸੰਯੁਕਤ ਡਾਇਰੈਕਟਰ(ਉ:ਸਿ)